

ਪੰਜਾਬ ਸਟੇਟ ਫਾਰਮਰਜ਼ ਕਮਿਸ਼ਨ ਚੇਅਰਮੈਨ ਡਾ. ਜੀ ਐਸ ਕਾਲਕਟ ਅਤੇ ਵਾਈਸ ਚਾਂਸਲਰ ਡਾ. ਬਲਦੇਵ ਸਿੰਘ ਢਿੱਲੋਂ ਸ. ਗੁਰਰਾਜ ਸਿੰਘ ਵਿਰਕ ਨੂੰ 'ਮੁੱਖ ਮੰਤਰੀ ਪੁਰਸਕਾਰ' ਨਾਲ ਸਨਮਾਨਤ ਕਰਦੇ ਹੋਏ। ਸਾਬਕਾ ਨਿਰਦੇਸ਼ਕ ਪਸਾਰ ਸਿੱਖਿਆ ਡਾ. ਮੁਖਤਾਰ ਸਿੰਘ ਗਿੱਲ ਅਤੇ ਪੀ ਏ ਯੂ ਦੇ ਪ੍ਰਬੰਧਕੀ ਬੋਰਡ ਦੇ ਸਾਬਕਾ ਮੈਂਬਰ ਡਾ. ਜਸਪਿੰਦਰ ਸਿੰਘ ਕੁਲਾਰ ਨਾਲ ਖੜ੍ਹੇ ਹਨ।

## ਅਗਾਂਹਵਧੂ ਖੇਤੀ ਦੇ ਵਿਕਾਸ ਦੇ ਰੋਸ਼ਨ ਮੀਨਾਰ
## ਸ. ਗੁਰਰਾਜ ਸਿੰਘ ਵਿਰਕ

ਫਰੀਦਕੋਟ ਜਿਲ੍ਹੇ ਦੇ ਕਸਬਾ ਕੋਟਕਪੂਰਾ ਵਾਸੀ ਸ. ਗੁਰਰਾਜ ਸਿੰਘ ਵਿਰਕ ਸਪੁੱਤਰ ਸ. ਸਵਰਨ ਸਿੰਘ ਵਿਰਕ ਨੇ ਆਪਣੀ 40 ਏਕੜ ਜੱਦੀ ਜ਼ਮੀਨ ਵਿੱਚ ਫ਼ਲ, ਫੁੱਲ ਅਤੇ ਸਬਜ਼ੀਆਂ ਦੀ ਕਾਸ਼ਤ ਕਰਕੇ ਸਿਰਫ਼ ਇਲਾਕੇ ਵਿੱਚ ਹੀ ਨਹੀਂ ਸਗੋਂ ਪੂਰੇ ਪੰਜਾਬ ਵਿੱਚ ਨਾਮਣਾ ਖੱਟਿਆ ਹੈ ਅਤੇ ਉਹ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਦਾ ਸ਼ੌਕ ਰੱਖਦੇ ਹਨ । ਇਹ ਛੋਟੇ ਕਿਸਾਨਾਂ ਨੂੰ ਵੀ ਰਵਾਇਤੀ ਫਸਲਾਂ ਤੋਂ ਹੱਟ ਕੇ ਬਾਗਬਾਨੀ ਅਪਨਾਉਣ ਦਾ ਸੁਨੇਹਾ ਦਿੰਦੇ ਹਨ ਅਤੇ ਨੌਜਵਾਨ ਅਤੇ ਸਕੂਲ ਪੜ੍ਹ ਰਹੇ ਮੁੰਡਿਆਂ ਨੂੰ ਬਾਗਬਾਨੀ ਦੀ ਸਿਖਲਾਈ ਵੀ ਦਿੰਦੇ ਹਨ। ਫਾਰਮ ਤੇ ਫ਼ਲਾਂ ਦਾ ਇੱਕ ਪ੍ਰਦਰਸ਼ਨੀ ਯੂਨਿਟ ਵੀ ਬਣਾਇਆ ਹੋਇਆ ਹੈ ਜਿਸ ਵਿੱਚ 20 ਤਰ੍ਹਾਂ ਦੇ ਫ਼ਲਾਂ ਦੇ ਬੂਟੇ ਲਗਾਏ ਹਨ, ਜਿਵੇਂ ਕਿ ਨਿੰਬੂ, ਕਿੰਨੂ, ਸੰਤਰਾ, ਗਲਗਲ, ਲੀਚੀ, ਔਲਾ, ਆੜੂ, ਅਮਰੂਦ ਆਦਿ। ਸਿਖਲਾਈ ਲੈਣ ਉਪਰੰਤ ਨੌਜਵਾਨਾਂ ਨੂੰ ਬਾਗ ਲਗਾਉਣ ਲਈ ਨਰਸਰੀਂ ਤੋਂ ਬੂਟੇ ਲਿਆ ਕੇ ਆਪਣੀ ਦੇਖ-ਰੇਖ ਵਿੱਚ ਲਗਵਾਉਦੇ ਹਨ। ਹਾਇਰ ਸੈਕੰਡਰੀ ਪਾਸ ਸ. ਵਿਰਕ ਪਿਛਲੇ 41 ਸਾਲਾਂ ਤੋਂ ਖੇਤੀ ਦੇ ਕਾਰਜ ਵਿੱਚ ਲੱਗੇ ਹੋਏ ਹਨ । 1977-78 ਵਿੱਚ ਆਪ ਨੇ ਪੱਤਰ ਵਿਹਾਰ ਰਾਹੀਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਤੋਂ ਸਿਖਲਾਈ ਹਾਸਲ ਕੀਤੀ । ਕ੍ਰਿਸ਼ੀ ਵਿਗਿਆਨ ਕੇਂਦਰ, ਫਰੀਦਕੋਟ ਤੋਂ ਇਲਾਵਾ ਖੇਤੀਬਾੜੀ ਅਤੇ ਬਾਗਬਾਨੀ ਵਿਭਾਗ ਨਾਲ ਵੀ ਸੰਪਰਕ ਵਧਾਇਆ। ਯੂਨੀਵਰਸਿਟੀ ਦੀ ਫ਼ਲ ਅਤੇ ਸਬਜ਼ੀਆਂ ਨਾਲ ਸਬੰਧਤ ਸਲਾਹਕਾਰ ਕਮੇਟੀ ਦੇ ਮੈਂਬਰ ਹੋਣ ਤੋਂ ਇਲਾਵਾ ਮਾਲਵਾ ਫ਼ਲ ਅਤੇ ਸਬਜ਼ੀਆਂ ਉਤਪਾਦਨ ਸਭਾ ਦੇ ਉਹ ਸਕੱਤਰ ਹਨ। ਮਹਾਂਰਾਸ਼ਟਰ ਦੀਆਂ ਬਾਗਬਾਨੀ ਨਾਲ ਸਬੰਧਤ ਸਹਿਕਾਰੀ ਸਭਾਵਾਂ ਦਾ ਗਿਆਨ ਹਾਸਲ ਕਰਨ ਲਈ ਉਨ੍ਹਾਂ ਨੇ 1994 ਵਿੱਚ ਉਥੋਂ ਦਾ ਦੌਰਾ ਕੀਤਾ। ਮੋਹਾਲੀ ਵਿਖੇ ਖੇਤੀਬਾੜੀ ਵਿਭਾਗ ਵੱਲੋਂ ਆਯੂਰਵੈਦਿਕ ਖੇਤੀ ਵਾਸਤੇ ਬਣਾਏ ਖੋਜ ਕੇਂਦਰ ਦਾ ਦੌਰਾ ਕੀਤਾ। 2005 ਵਿੱਚ ਟੋਰਾਂਟੋ (ਕੈਨੇਡਾ) ਵਿੱਚ ਐਗਰੋਟੈਕ ਮੇਲਾ ਅਤੇ 2010 ਵਿੱਚ ਵੈਨਕੂਵਰ (ਕੈਨੇਡਾ) ਵਿੱਚ ਮੈਕਨਾਈਜ਼ਡ ਡੇਅਰੀ ਫਾਰਮ ਦੇਖਿਆ। 2012 ਵਿੱਚ ਚੰਡੀਗੜ੍ਹ ਵਿਖੇ ਐਗਰੋਟੈਕ ਮੇਲੇ ਵਿੱਚ ਭਾਗ ਵੀ ਲਿਆ।

ਸ. ਗੁਰਰਾਜ ਸਿੰਘ ਵਿਰਕ ਨੂੰ ਨੈਸ਼ਨਲ ਹਾਰਟੀਕਲਚਰ ਬੋਰਡ ਵੱਲੋਂ ਕਿੰਨੂ ਅਤੇ ਅੰਗੂਰਾਂ ਦੇ ਵਧੀਆ ਬਾਗ ਲਈ ਸਨਮਾਨਿਤ ਕੀਤਾ ਗਿਆ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਫਰੀਦਕੋਟ ਕਿਸਾਨ ਮੇਲੇ ਵਿੱਚ ਉਨ੍ਹਾਂ ਨੂੰ ਕਿੰਨੂ, ਚਕੋਤਰਾ, ਨਰੰਗੀ, ਨਿੰਬੂ ਅਤੇ ਸ਼ਲਗਮ ਵਿੱਚ ਅਨੇਕਾਂ ਇਨਾਮ ਹਾਸਲ ਹੋਏ ਹਨ।

ਬਰਸਾਤ ਦੇ ਪਾਣੀ ਨੂੰ ਆਪਣੇ ਫਾਰਮ ਤੇ ਬਣਾਏ ਹੋਏ ਪੱਕੇ ਤਲਾਬ ਵਿੱਚ ਸੰਭਾਲ ਕੇ ਉਹ ਡਰਿੱਪ ਸਿੰਜਾਈ ਵਿਧੀ ਰਾਹੀਂ ਬਾਗਾਂ ਨੂੰ ਸਿੰਜਦੇ ਹਨ। ਸਬਜ਼ੀਆਂ ਨੂੰ ਲੋੜ ਮੁਤਾਬਿਕ ਨਾਲੀਆਂ ਰਾਹੀਂ ਪਾਣੀ ਦੀ ਸਪਲਾਈ ਦਿੱਤੀ ਜਾਂਦੀ ਹੈ। ਸੱਤ ਏਕੜ ਵਿੱਚ ਤੁਪਕਾ ਸਿੰਜਾਈ ਪ੍ਰਬੰਧ ਹੋਣ ਕਾਰਨ ਪਾਣੀ ਦੀ 70 ਫੀਸਦੀ ਬੱਚਤ ਹੋ ਰਹੀ ਹੈ। ਬਾਗਾਂ ਨੂੰ ਖਾਦਾਂ ਵੀ ਉਹ ਤੁਪਕਾ ਸਿੰਜਾਈ ਵੇਲੇ ਹੀ ਪਾਉਂਦੇ ਹਨ। ਨਹਿਰੀ ਪਾਣੀ ਨੂੰ ਆਪਣੇ ਖੇਤਾਂ ਵਿੱਚ ਬਣੇ ਟੈਂਕ ਵਿੱਚ ਸਟੋਰ ਕਰਕੇ ਮਗਰੋਂ ਸਬਜ਼ੀਆਂ ਲਈ ਖਾਲ੍ਹੀਆਂ ਰਾਹੀਂ ਵਰਤਦੇ ਹਨ।

ਕਣਕ ਦੀ ਬਿਜਾਈ ਲਈ ਹੈਪੀਸੀਡਰ ਦੀ ਵਰਤੋਂ ਨਾਲ ਜਿੱਥੇ ਆਰਥਿਕ ਲਾਭ ਹੋਇਆ ਹੈ, ਉਥੇ ਝਾੜ ਵੀ ਚੰਗਾ ਮਿਲਿਆ ਹੈ। 2008 ਤੋਂ ਫਾਰਮ ਤੇ ਰੋਟਾਵੇਟਰ ਵਰਤਣਾ ਸ਼ੁਰੂ ਕੀਤਾ ਹੈ ਜਿਸ ਨਾਲ ਡੀਜ਼ਲ, ਸਮਾਂ ਅਤੇ ਬਾਗ ਦੀ ਡੂੰਘੀ ਵਹਾਈ ਦੀ ਬੱਚਤ ਹੁੰਦੀ ਹੈ। ਸ. ਵਿਰਕ ਨੇ 1500 ਲਿਟਰ ਸਮੱਰਥਾ ਵਾਲਾ ਇੱਕ ਸਪਰੇਅ ਪੰਪ ਬਣਾਇਆ ਹੋਇਆ ਹੈ, ਜੋ ਟਰਾਲੀ ਵਾਂਗ ਹੀ ਹੇਠਾਂ ਟਾਇਰ ਲਗਾ ਕੇ ਟਰੈਕਟਰ ਮਗਰ ਪਾ ਲਿਆ ਜਾਂਦਾ ਹੈ। ਇਸ ਉੱਪਰ ਹੀ ਹਾਈ ਪ੍ਰੈਸ਼ਰ ਪੰਪ ਲਗਾਇਆ ਹੋਇਆ ਹੈ ਜਿਸ ਨਾਲ ਉਪਰਲੀ ਉਚਾਈ ਤੱਕ ਦਵਾਈਆਂ ਦਾ ਛਿੜਕਾਅ ਅਰਾਮ ਨਾਲ ਹੋ ਜਾਂਦਾ ਹੈ, ਕਿਉਂਕਿ ਪੰਪ ਤੋਂ ਅੱਗੇ ਲਗਾਈਆਂ ਨੋਜ਼ਲਾਂ ਧੁੰਦ ਬਣਾ ਕੇ ਜ਼ਹਿਰਾਂ ਨੂੰ ਬੂਟਿਆਂ ਉੱਤੇ ਸਹੀ ਤਰੀਕੇ ਨਾਲ ਪਾਉਂਦੀਆਂ ਹਨ। ਅਜਿਹਾ ਕਰਨ ਨਾਲ 50 ਫੀਸਦੀ ਪਾਣੀ ਅਤੇ ਜ਼ਹਿਰਾਂ ਦੀ ਬੱਚਤ ਹੁੰਦੀ ਹੈ। ਉਨ੍ਹਾਂ ਵੱਲੋਂ ਵਿਕਸਤ ਇਸ ਪੰਪ ਨੂੰ ਕੁਝ ਹੋਰ ਬਾਗਬਾਨਾਂ ਨੇ ਵੀ ਅਪਣਾਇਆ ਹੈ। ਕਿੰਨੂ ਦੀ ਚੰਗੀ ਕੀਮਤ ਹਾਸਲ ਕਰਨ ਲਈ ਗਰੇਡਿੰਗ ਮਸ਼ੀਨ ਬਣਾਈ ਹੋਈ ਹੈ ਅਤੇ ਉਨ੍ਹਾਂ ਵੱਲੋਂ ਕੀਤੀ ਦਰਜ਼ਾਬੰਦੀ ਕਾਰਨ ਮੰਡੀ ਵਿੱਚ ਚੰਗਾ ਮੁੱਲ ਮਿਲਦਾ ਹੈ। ਗਰੇਡਿੰਗ ਮਸ਼ੀਨ ਕਾਰਨ ਸਮੇਂ, ਪੈਸੇ ਅਤੇ ਲੇਬਰ ਦੀ ਬੜੀ ਬੱਚਤ ਹੋ ਰਹੀ ਹੈ।

ਸ. ਵਿਰਕ ਨੇ ਆਪਣੇ ਕਿੰਨੂ ਦੇ ਬਾਗਾਂ ਨੂੰ ਵੀ ਰਸਾਇਣਕ ਖਾਦ ਤੁਪਕਾ ਸਿੰਜਾਈ ਵਿਧੀ ਰਾਹੀਂ ਦੇਣ ਦਾ ਢੰਗ ਅਪਣਾਇਆ ਹੈ। ਇਸ ਨਾਲ ਖਾਦ ਵੀ

ਘੱਟ ਵਰਤੀ ਜਾਂਦੀ ਹੈ ਅਤੇ ਬੂਟੇ ਨੂੰ ਖਾਦ ਦੀ ਸਹੀ ਮਾਤਰਾ ਵੀ ਹਾਸਲ ਹੁੰਦੀ ਹੈ। ਇਸ ਤੋਂ ਇਲਾਵਾ ਕਿੰਨੂ ਨੂੰ ਫਾਈਟੋਥੋਰਾ ਰੋਗ ਤੋਂ ਵੀ ਬੱਚਤ ਹੁੰਦੀ ਹੈ। ਕਿੰਨੂ ਦੀ ਕਾਂਟ-ਛਾਂਟ ਲਈ ਉਹ ਰੀਪਰ ਮਸ਼ੀਨ ਦੀ ਵਰਤੋਂ ਕਰਦੇ ਹਨ ਜਿਸ ਨਾਲ 10 ਹਜ਼ਾਰ ਰੁਪਏ ਪ੍ਰਤੀ ਏਕੜ ਲੇਬਰ ਦੀ ਵੀ ਬੱਚਤ ਹੁੰਦੀ ਹੈ । ਪੁਰਾਣੇ ਬਾਗਾਂ ਨੂੰ ਨਵਿਆਉਣ ਵਿੱਚ ਵੀ ਉਨ੍ਹਾਂ ਨੇ ਸਫ਼ਲਤਾ ਹਾਸਲ ਕੀਤੀ ਹੈ। 28 ਸਾਲ ਪੁਰਾਣੇ ਬਾਗ ਨੂੰ ਸੇਮ ਦੀ ਮਾਰ ਪੈਣ ਕਾਰਨ ਪੁਰਾਣੇ ਬੂਟਿਆਂ ਦੇ ਨਾਲ-ਨਾਲ ਇੱਕ-ਇੱਕ ਕਤਾਰ ਹੋਰ ਲਾ ਕੇ ਸਾਰੇ ਬਾਗ ਨੂੰ ਨਵਾਂ ਬਣਾ ਲਿਆ ਹੈ। ਪੁਰਾਣੇ ਅਤੇ ਬੀਮਾਰ ਬੂਟੇ ਪੁੱਟ ਕੇ ਨਵੇਂ ਲਾਉਣ ਦਾ ਅਮਲ ਨਾਲੋਂ-ਨਾਲ ਚੱਲ ਰਿਹਾ ਹੈ। ਇਵੇਂ ਹੀ ਕਿੰਨੂ ਦੀ ਕਾਸ਼ਤ ਲਈ ਉਨ੍ਹਾਂ ਨੇ ਸੰਘਣੀ ਪ੍ਰਣਾਲੀ ਅਪਣਾਈ ਹੈ।

ਸ. ਵਿਰਕ ਫ਼ਲਾਂ ਤੋਂ ਇਲਾਵਾ ਕਣਕ, ਹਰਾ ਚਾਰਾ ਵੀ ਉੱਗਾਉਂਦੇ ਹਨ ਅਤੇ ਫਾਰਮ ਦੇ ਦੁਆਲੇ ਸਫ਼ੈਦਾ ਅਤੇ ਪਾਪੂਲਰ ਦੇ 400 ਬੂਟੇ ਲਗਾਏ ਹੋਏ ਹਨ। ਉਨ੍ਹਾਂ ਨੇ ਆਪਣੇ ਡੇਅਰੀ ਫਾਰਮ ਵਿੱਚ 55 ਗਾਵਾਂ (ਐਚ.ਐਫ) ਅਤੇ 22 ਵੱਛੀਆਂ ਹਨ । ਗਾਵਾਂ ਤੋਂ ਰੋਜ਼ਾਨਾ 8 ਕੁਇੰਟਲ ਦੁੱਧ ਲੈਂਦੇ ਹਨ । ਸ. ਵਿਰਕ ਚੰਗੇ ਲੇਖਕ ਵੀ ਹਨ ਅਤੇ ਕਿਸਾਨੀ ਨਾਲ ਸਬੰਧਤ ਮਸਲਿਆਂ ਤੇ ਕਲਮ ਅਜ਼ਮਾਈ ਕਰਦਿਆਂ ਉਹ ਚੇਤੰਨ ਹੋਣ ਦਾ ਪ੍ਰਮਾਣ ਵੀ ਦਿੰਦੇ ਹਨ । ਆਪਣੇ ਪਰਿਵਾਰਕ ਵਿਕਾਸ ਲਈ ਅਗਾਂਹਵਧੂ ਖੇਤੀ ਨੂੰ ਜ਼ਿੰਮੇਵਾਰ ਮੰਨਣ ਵਾਲੇ ਸ. ਗੁਰਰਾਜ ਸਿੰਘ ਵਿਰਕ ਇਲਾਕੇ ਲਈ ਵਿਕਾਸ ਦਾ ਰੋਸ਼ਨ ਮੀਨਾਰ ਹਨ ।